**DIRECTORATE OF EDUCATION**

**GNCT OF DELHI**

**PRACTICE PAPER ANNUAL**

**SESSION:-2025-2026**

**CLASS:- VIII**

**SUBJECT:- PUNJABI (004)**

**TIME : 2:30 HOURS** **MAXIMUM MARKS: 60**

| | | |
|---|---|---|
| | **ਆਮ ਨਿਰਦੇਸ਼ :**<br>***ਸਾਰੇ ਪ੍ਰਸ਼ਨ ਲਾਜ਼ਮੀ** ਹਨ।<br>***ਪ੍ਰਸ਼ਨ ਪੱਤਰ ਦੇ ਚਾਰ ਭਾਗ** ਹਨ।<br>***ਹਰੇਕ ਭਾਗ ਨੂੰ ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਹੱਲ ਕਰਨ ਦਾ ਯਤਨ** ਕਰੋ।<br>***ਬਹੁ-ਵਿਕਲਪੀ ਪ੍ਰਸ਼ਨਾਂ ਦੇ ਵਿਕਲਪ ਨੰਬਰ ਨਾਲ ਉਹਨਾਂ ਦੇ ਉੱਤਰ ਵੀ** ਲਿਖੋ।<br>* **ਲਿਖਾਈ ਸਾਫ਼, ਸ਼ੁੱਧ ਅਤੇ ਸਪਸ਼ਟ** ਲਿਖੋ। | |
| | **ਭਾਗ ੳ: ਪੜ੍ਹਨ ਕੌਸ਼ਲ** | |

| | | |
|---|---|---|
| 1. | ਹੇਠ ਲਿਖੇ ਅਣਡਿੱਠੇ ਪੈਰੇ ਨੂੰ ਧਿਆਨ ਨਾਲ ਪੜ੍ਹ ਕੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:-<br><br>ਪੰਜਾਬ ਦਾ ਵਿਰਸਾ ਬਹੁਤ ਅਮੀਰ ਹੈ। ਇੱਥੇ ਲੋਕ ਆਪਸੀ ਭਾਈਚਾਰੇ ਅਤੇ ਪਿਆਰ ਨਾਲ ਰਹਿੰਦੇ ਹਨ। ਲੋਕਾਂ ਦਾ ਰਹਿਣ-ਸਹਿਣ, ਸਾਦਾ ਅਤੇ ਖੁੱਲਾ-ਡੁੱਲਾ ਹੈ। ਸ਼ਰੀਰਕ ਪੱਖ ਤੋਂ ਪੰਜਾਬੀ ਉੱਚੇ-ਲੰਮੇ ਕੱਦ ਤੇ ਤਾਕਤਵਰ ਜੁੱਸੇ ਵਾਲੇ ਹਨ। ਕਬੱਡੀ, ਕੁਸ਼ਤੀ, ਖੋ-ਖੋ, ਹਾਕੀ, ਰੱਸਾਕੱਸੀ ਆਦਿ ਪੰਜਾਬ ਦੀਆਂ ਪ੍ਰਮੁੱਖ ਖੇਡਾਂ ਹਨ। ਗਿੱਧਾ ਅਤੇ ਭੰਗੜਾ ਇੱਥੋਂ ਦੇ ਮੁੱਖ ਲੋਕ ਨਾਚ ਹਨ। ਪੰਜਾਬ ਦੀ ਰਾਜ-ਭਾਸ਼ਾ ਪੰਜਾਬੀ ਹੈ।<br><br>(i) ਕਿਸ ਦਾ ਵਿਰਸਾ ਬਹੁਤ ਅਮੀਰ ਹੈ ?<br>(ii) ਪੰਜਾਬ ਵਿੱਚ ਲੋਕ ਕਿਵੇਂ ਰਹਿੰਦੇ ਹਨ?<br>(iii) ਸ਼ਰੀਰਕ ਪੱਖ ਤੋਂ ਪੰਜਾਬੀ ਕਿਹੋ ਜਿਹੇ ਜੁੱਸੇ ਵਾਲੇ ਹਨ?<br>(iv) ਪੰਜਾਬ ਦੀਆਂ ਪ੍ਰਮੁੱਖ ਖੇਡਾਂ ਦੇ ਨਾਂ ਲਿਖੋ?<br>(v) ਪੰਜਾਬ ਦੀ ਰਾਜ-ਭਾਸ਼ਾ ਕਿਹੜੀ ਹੈ? | 5×2=10 |
| | **ਭਾਗ ਅ : ਵਿਆਕਰਨ** | |

| | | |
|---|---|---|
| 2. | ਦਿੱਤੇ ਗਏ ਨਿਰਦੇਸ਼ਾਂ ਅਨੁਸਾਰ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਲਿਖੋ:-( ਕੋਈ ਦਸ)<br><br>(i) 'ਮੇਲੇ ਵਿੱਚ ਬਹਾਦਰ ਬੱਚੇ ਖੇਡਾਂ ਖੇਡਦੇ ਹਨ।' ਵਾਕ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣ ਕੇ ਲਿਖੋ:-<br>(ੳ) ਬਹਾਦਰ (ਅ) ਬੱਚੇ<br>(ੲ) ਖੇਡਦੇ ਹਨ (ਸ) ਮੇਲੇ<br><br>(ii) 'ਚੰਗੇ ਆਚਰਨ ਵਾਲੇ' ਨੂੰ ਕੀ ਆਖਦੇ ਹਨ? ਹੇਠ ਦਿੱਤੇ ਵਿਕਲਪਾਂ ਵਿੱਚੋਂ ਸਹੀ ਵਿਕਲਪ ਚੁਣ ਕੇ ਲਿਖੋ:-<br>(ੳ)ਸਦਾਚਾਰੀ (ਅ)ਅਜਿੱਤ<br>(ੲ)ਹਰਮਨ ਪਿਆਰਾ (ਸ)ਪਰਉਪਕਾਰੀ<br><br>(iii) 'ਸੁਨੀਤਾ ਸਕੂਲ ਤੋਂ ਆਈ।' ਇਸ ਵਾਕ ਵਿੱਚ ਕਾਰਕ ਦੀ ਕਿਹੜੀ ਕਿਸਮ ਹੈ?<br>(ੳ)ਕਰਤਾ ਕਾਰਕ (ਅ)ਕਰਮ ਕਾਰਕ<br>(ੲ)ਸੰਬੰਧ ਕਾਰਕ (ਸ)ਅਪਾਦਾਨ ਕਾਰਕ<br><br>(iv)ਹੇਠ ਲਿਖੇ ਸ਼ਬਦਾਂ ਵਿੱਚੋਂ ਸ਼ੁੱਧ ਰੂਪ ਵਾਲਾ ਸ਼ਬਦ ਚੁਣ ਕੇ ਲਿਖੋ:-<br>(ੳ)ਸ਼ਿੰਗਾਰ (ਅ)ਸ਼ੀਨਗਾਰ<br>(ੲ)ਛੀਨਗਾਰ (ਸ)ਸ਼ਿਗਾਰ<br><br>(v) 'ਉਪਕਾਰ' ਸ਼ਬਦ ਦਾ ਸਮਾਨਾਰਥੀ ਸ਼ਬਦ ਚੁਣ ਕੇ ਲਿਖੋ :-<br>(ੳ)ਬੁਰਾਈ (ਅ)ਬਦੀ<br>(ੲ)ਭਲਾਈ (ਸ)ਅੰਧਕਾਰ<br><br>(vi) 'ਬਹੁਤ ਖ਼ੂਬ' ਕਿਹੜਾ ਵਿਸਮਿਕ ਹੈ ?<br>(ੳ)ਸੂਚਨਾ ਵਾਚਕ (ਅ)ਇੱਛਾ ਵਾਚਕ | 10×1=10 |

(ੲ)ਪ੍ਰਸ਼ੰਸਾ ਵਾਚਕ (ਸ) ਫਿਟਕਾਰ ਵਾਚਕ

(vii) 'ਯੋਜਕ' ਕਿੰਨੀ ਪ੍ਰਕਾਰ ਦੇ ਹੁੰਦੇ ਹਨ ?

(ੳ)ਪੰਜ (ਅ)ਦੋ

(ੲ)ਅੱਠ (ਸ)ਚਾਰ

(viii) 'ਅਸੀਂ ਸਾਰੇ ਰੁੱਖਾਂ ਦੀ ਮਹੱਤਤਾ ਬਾਰੇ ਜਾਣਦੇ ਹਾਂ।' ਵਾਕ ਵਿੱਚ 'ਦੀ' ਸ਼ਬਦ ਕੀ ਹੈ ?

(ੳ)ਨਾਂਵ (ਅ)ਪੜਨਾਂਵ

(ੲ)ਕਿਰਿਆ (ਸ)ਸੰਬੰਧਕ

(ix) 'ਉੱਲੂ ਬੋਲਣੇ' ਮੁਹਾਵਰੇ ਦਾ ਹੇਠ ਲਿਖੇ ਅਨੁਸਾਰ ਸਹੀ ਅਰਥ ਚੁਣ ਕੇ ਲਿਖੋ :-

(ੳ)ਆਦਰ ਕਰਨਾ (ਅ)ਉਜਾੜ ਹੋਣਾ

(ੲ)ਗੁਲਾਮੀ ਕਰਨਾ (ਸ)ਔਖਾ ਕੰਮ ਕਰਨਾ

(x)ਹੇਠ ਦਿੱਤੇ ਵਾਕਾਂ ਵਿੱਚੋਂ ਸਕਰਮਕ ਕਿਰਿਆ ਵਾਲਾ ਵਾਕ ਚੁਣੋ :-

(ੳ)ਬੱਚਾ ਪੜ੍ਹਦਾ ਹੈ (ਅ)ਜਾਨਵਰ ਚਲਦੇ ਹਨ

(ੲ)ਕੁੜੀ ਹਾਕੀ ਖੇਡਦੀ ਹੈ (ਸ)ਸੀਮਾ ਖਾਂਦੀ ਹੈ

(xi) ਹੈਰਾਨੀ, ਦੁੱਖ ,ਖੁਸ਼ੀ ਆਦਿ ਦਾ ਪ੍ਰਗਟਾਵਾ ਕਰਨ ਵਾਲੇ ਸ਼ਬਦਾਂ ਦੇ ਅੰਤ ਵਿੱਚ ਕਿਹੜਾ ਵਿਸਰਾਮ ਚਿੰਨ੍ਹ ਲਗਦਾ ਹੈ?

(ੳ)ਕਾਮਾ , (ਅ)ਡੰਡੀ ।

(ੲ)ਪ੍ਰਸ਼ਨ ਚਿੰਨ੍ਹ ? (ਸ)ਵਿਸਮਿਕ ਚਿੰਨ੍ਹ !

(xii) ਹੇਠ ਲਿਖੇ ਸ਼ਬਦਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਲਿਖੋ :-

(ੳ)ਵਿਦਿਆਰਥੀ (ਅ)ਮੈਂ

(ੲ)ਦਿੱਲੀ (ਸ)ਸੰਦੂਕੜੀ

| | | |
|---|---|---|
| | (xiii) ਦੇਵਨਾਗਰੀ ਸ਼ਬਦ 'ਰੰਗ' ਦਾ ਸਹੀ ਗੁਰਮੁਖੀ ਰੂਪ ਹੇਠ ਲਿਖੇ ਵਿਕਲਪਾਂ ਵਿੱਚੋਂ ਚੁਣ ਕੇ ਲਿਖੋ:-<br>(ੳ) ਰੰਗ (ਅ)ਰਙ<br>(ੲ)ਰਗ (ਸ)ਰੱਗ | |
| | ਭਾਗ ੲ: ਲਿਖਣ ਕੌਸ਼ਲ | |
| 3. | ਕਿਸੇ ਇੱਕ ਵਿਸ਼ੇ ਉੱਪਰ ਪੰਜ ਸਤਰਾਂ ਵਿੱਚ ਲੇਖ ਲਿਖੋ :-<br>ਕੋਈ ਰਾਸ਼ਟਰੀ ਤਿਉਹਾਰ<br>ਜਾਂ<br>ਸਮੇਂ ਦਾ ਮਹੱਤਵ | 5 |

| | | |
|---|---|---|
| 4. | ਆਪਣੇ ਸਕੂਲ ਮੁਖੀ ਨੂੰ ਸਕੂਲ ਛੱਡਣ ਦਾ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ । <br><br> ਜਾਂ <br><br> ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ । | 5 |

| | | |
|---|---|---|
| 5. | **ਹੇਠ ਦਿੱਤੇ ਸ਼ਬਦਾਂ ਦੀ ਸਹਾਇਤਾ ਨਾਲ ਪੰਜ ਸਤਰਾਂ ਵਿੱਚ ਚਿੱਤਰ ਦਾ ਵਰਨਣ ਕਰੋ:-**<br>**( ਬੱਚੇ , ਫੁੱਲ, ਗਮਲੇ, ਮਿੱਟੀ, ਖੁਸ਼, ਰੁੱਖ , ਬੱਦਲ, ਬਗੀਚਾ)**<br><br><br>**ਨੋਟ : ਇਹ ਪ੍ਰਸ਼ਨ ਕੇਵਲ ਦ੍ਰਿਸ਼ਟੀਹੀਣ ਵਿਦਿਆਰਥੀਆਂ ਲਈ ਹੈ:-**<br>'ਸਫਾਈ ਦੇ ਮਹੱਤਵ' ਬਾਰੇ **50** ਸ਼ਬਦਾਂ ਵਿੱਚ ਲਿਖੋ।<br>**ਭਾਗ ਸ : ਪਾਠ ਪੁਸਤਕਾਂ 'ਤੇ ਅਧਾਰਿਤ ਪ੍ਰਸ਼ਨ** | 5 |
| | | |

| | | |
|---|---|---|
| 6. | ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਸਹੀ ਵਿਕਲਪ ਚੁਣ ਕੇ ਉੱਤਰ ਦਿਓ :- (ਕੋਈ ਪੰਜ)<br><br>(i)ਵਿਦਿਆ ਸਾਨੂੰ ਕੀ ਦਿੰਦੀ ਹੈ ?<br>(ੳ)ਰੌਸ਼ਨੀ (ਅ) ਗਿਆਨ<br>(ੲ)ਹਨੇਰਾ (ਸ)ਦੌਲਤ<br><br>(ii)ਬੀਬਾ ਨੇ ਸੰਦੂਕੜੀ ਦਾ ਕੀ ਕੀਤਾ ?<br>(ੳ)ਵਗਾਹ ਕੇ ਮਾਰੀ (ਅ)ਇੱਜਤ ਨਾਲ ਸੰਭਾਲ ਕੇ ਰੱਖੀ<br>(ੲ)ਪੂਜਾ ਕੀਤੀ (ਸ)ਸੰਦੂਕੜੀ ਨੂੰ ਤਾਲਾ ਮਾਰਿਆ<br><br>(iii)ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਕਦੋਂ ਦਿੱਤੀ ਗਈ?<br>(ੳ)12 ਜਨਵਰੀ 1920 (ਅ)16 ਦਸੰਬਰ 1917<br>(ੲ)14 ਅਕਤੂਬਰ 1912 (ਸ)16 ਨਵੰਬਰ 1915<br><br>(iv)ਬਸੰਤ ਸਾਡੇ ਲਈ ਕੀ ਲੈ ਕੇ ਆਉਂਦੀ ਹੈ?<br>(ੳ)ਗਮੀਆਂ (ਅ)ਉਦਾਸੀਆਂ<br>(ੲ)ਖੁਸ਼ੀਆਂ (ਸ)ਪਰੇਸ਼ਾਨੀਆਂ<br><br>(v) ਗੁਬਾਰੇ ਵਾਲੇ ਮੁੰਡੇ ਨੇ ਔਰਤ ਨੂੰ ਕਿੰਨੇ ਰੁਪਏ ਦਾ .ਗੁਬਾਰਾ ਦਿੱਤਾ ਸੀ?<br>(ੳ)ਦਸ ਰੁਪਏ (ਅ)ਪੰਜ ਰੁਪਏ<br>(ੲ)ਦੋ ਰੁਪਏ (ਸ) ਚਾਰ ਰੁਪਏ<br><br>(vi)ਕਿੱਥੋਂ ਦੇ ਰਾਜੇ ਨੇ ਆਪਣੇ ਨਵੇਂ ਮਹਿਲ ਲਈ ਇਮਾਰਤੀ ਲੱਕੜ ਕੱਟਣ ਲਈ ਲੱਕੜਹਾਰਿਆਂ ਨੂੰ ਹੁਕਮ ਦਿੱਤਾ ਸੀ?<br>(ੳ)ਆਸਾਮ (ਅ)ਜੋਧਪੁਰ<br>(ੲ)ਇਲਾਹਾਬਾਦ (ਸ)ਦਿੱਲੀ | 5×1=5 |

(vii)ਨਵਰੋਜ਼ ਦੇ ਤਿਉਹਾਰ ਤੇ ਲੋਕ ਇੱਕ ਦੂਜੇ ਨੂੰ ਕੀ ਭੇਂਟ ਕਰਦੇ ਹਨ ?

(ੳ)ਕੱਪੜੇ (ਅ)ਭਾਂਡੇ

(ੲ)ਖਿਡੌਣੇ (ਸ) ਫੁੱਲਾਂ ਦੇ ਗੁਲਦਸਤੇ

(viii)ਗਰਾਊਂਡ ਵਿੱਚ ਡਿੱਗਿਆ ਨੋਟ ਅਸਲ ਵਿੱਚ ਕੀ ਸੀ?

(ੳ)ਕਾਗਜ ਦਾ ਟੁਕੜਾ (ਅ)ਮੂੰਗਫਲੀ ਦੇ ਛਿਲਕੇ

(ੲ)ਕਿਤਾਬਾਂ (ਸ)ਦਸ ਰੁਪਏ

| | | |
|---|---|---|
| 7. | ਹੇਠਾਂ ਪਾਠ-ਪੁਸਤਕ ਵਿੱਚੋਂ ਦਿੱਤੇ ਗਏ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :-<br><br>'ਫੂਲ ਵਾਲੋਂ ਕੀ ਸੈਰ' ਦਿੱਲੀ ਦਾ ਇੱਕ ਪ੍ਰਸਿੱਧ ਮੇਲਾ ਹੈ। ਇਹ ਮੇਲਾ ਹਰ ਸਾਲ ਸਤੰਬਰ-ਅਕਤੂਬਰ ਵਿੱਚ ਵਰਖਾ ਰੁੱਤ ਤੋਂ ਮਗਰੋਂ ਮਹਿਰੌਲੀ ਵਿੱਚ ਬੜੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਇਹ ਮੇਲਾ ਸੱਤ ਦਿਨਾਂ ਲਈ ਲੱਗਦਾ ਹੈ। ਇਸ ਦਾ ਸੰਬੰਧ ਦਿੱਲੀ ਦੀ ਸਾਂਝੀ ਸੰਸਕ੍ਰਿਤੀ ਅਤੇ ਸਭਿਅਤਾ ਨਾਲ ਹੈ। ਇਹ ਮੇਲਾ ਹਿੰਦੂਆਂ ਅਤੇ ਮੁਸਲਮਾਨਾਂ ਦੋਹਾਂ ਦੀ ਆਪਸੀ ਸਾਂਝ ਅਤੇ ਭਾਈਚਾਰੇ ਨੂੰ ਪੇਸ਼ ਕਰਦਾ ਹੈ।<br><br>(i) ਉਪਰੋਕਤ ਪੈਰੇ ਵਿੱਚ ਦਿੱਲੀ ਦੇ ਕਿਹੜੇ ਪ੍ਰਸਿੱਧ ਮੇਲੇ ਦਾ ਜ਼ਿਕਰ ਆਇਆ ਹੈ ?<br>(ii) 'ਫੂਲ ਵਾਲੋਂ ਕੀ ਸੈਰ' ਮੇਲਾ ਕਿਹੜੇ ਮਹੀਨੇ ਵਿੱਚ ਮਨਾਇਆ ਜਾਂਦਾ ਹੈ?<br>(iii)'ਫੂਲ ਵਾਲੋਂ ਕੀ ਸੈਰ' ਮੇਲਾ ਕਿੰਨੇ ਦਿਨਾਂ ਲਈ ਲੱਗਦਾ ਹੈ ?<br>(iv)'ਫੂਲ ਵਾਲੋਂ ਕੀ ਸੈਰ' ਮੇਲੇ ਦਾ ਸੰਬੰਧ ਕਿਸ ਦੀ ਸਾਂਝੀ ਸੰਸਕ੍ਰਿਤੀ ਅਤੇ ਸਭਿਅਤਾ ਨਾਲ ਹੈ ?<br>(v)'ਫੂਲ ਵਾਲੋਂ ਦੀ ਸੈਰ' ਮੇਲਾ ਕਿੰਨਾਂ ਦੀ ਆਪਸੀ ਸਾਂਝ ਤੇ ਭਾਈਚਾਰੇ ਨੂੰ ਪੇਸ਼ ਕਰਦਾ ਹੈ ? | 5×1=5 |

| | | |
|---|---|---|
| 8. | ਹੇਠ ਲਿਖੇ ਵਾਕਾਂ ਵਿੱਚੋਂ ਸਹੀ ਵਾਕ ਅੱਗੇ (√) ਅਤੇ ਗਲਤ ਵਾਕ ਅੱਗੇ (×) ਦਾ ਨਿਸ਼ਾਨ ਲਗਾਓ :- (ਕੋਈ ਪੰਜ)<br><br>(i) ਸਿੰਮੀ ਨੂੰ ਗ਼ੁਬਾਰੇ ਨਾਲ ਖੇਡਣ ਦਾ ਕੋਈ ਸ਼ੌਂਕ ਨਹੀਂ ਸੀ ।<br>(ii) ਰੁੱਖ ਵੱਢ ਦਿਓ ,ਔਰਤਾਂ ਨੇ ਕੂਕ -ਕੂਕ ਕੇ ਆਖਿਆ ।<br>(iii) ਬਸੰਤ ਦਾ ਸੰਬੰਧ ਪੀਲੇ ਰੰਗ ਨਾਲ ਹੈ।<br>(iv) ਕਰਤਾਰ ਸਿੰਘ ਸਰਾਭਾ ਦੀ ਮਾਂ ਦਾ ਨਾਂ ਸਾਹਿਬ ਕੌਰ ਸੀ ।<br>(v) ਬੀਬਾ ਛੋਟੇ ਭਰਾ ਨੂੰ ਵੱਡੇ ਭਰਾ ਕੋਲੋਂ ਪੈੱਨ ਵਾਪਿਸ ਨਹੀਂ ਕਰਵਾ ਸਕੀ।<br>(vi) ਅਨੇਕਤਾ ਵਿੱਚ ਏਕਤਾ ਹੀ ਭਾਰਤ ਦੀ ਏਕਤਾ ਹੈ।<br>(vii) ਕਾਂ ਸਮੁੱਚੇ ਪਸ਼ੂ-ਪੰਛੀ ਜਗਤ ਦੀ ਪ੍ਰਤਿਨਿਧਤਾ ਕਰਦਾ ਹੈ।<br>(viii) ਅਰੂਨਿਮਾ ਦਾ ਮਨ ਪੜ੍ਹਾਈ ਵਿੱਚ ਵਧੇਰੇ ਲਗਦਾ ਸੀ । | 5×1=5 |

| | | |
|---|---|---|
| 9. | ਮਿਲਾਨ ਕਰੋ :-<br><br>ਕਾਲਮ -1 — ਕਾਲਮ- 2<br><br>1. ਯੋਗਮਾਇਆ — (ੳ) ਖੁਸ਼ੀਆਂ<br>2. ਕਰਤਾਰ ਸਿੰਘ ਸਰਾਭਾ — (ਅ) ਅੰਮ੍ਰਿਤਾ ਦੇਵੀ<br>3. ਬਸੰਤ — (ੲ) ਸੰਦੂਕੜੀ<br>4. ਬਿਸ਼ਨੋਈ — (ਸ) ਸ਼ਹੀਦ<br>5. ਪੜਛੱਤੀ — (ਹ) ਮੰਦਰ | 5×1=5 |
| 10 | ਹੇਠਾਂ ਦਿੱਤੇ ਗਏ ਵਿਕਲਪਾਂ ਦੀ ਸਹਾਇਤਾ ਨਾਲ ਖਾਲੀ ਥਾਵਾਂ ਭਰੋ:- (ਕੋਈ ਪੰਜ)<br><br>(ਨਰਕਾਂ-ਸੁਰਗਾਂ, ਪਾਠ, ਠਠੰਬਰ, ਗਦਰ, ਸਿੱਖਿਆ, ਸਿਫ਼ਤ, ਬੀਰਬਲ, ਚਿਸ਼ਤੀ)<br><br>(i) ਖੁਆਜਾ ਬਖ਼ਤਿਆਰ ਕਾਕੀ ਦਾ ਸੰਬੰਧ …….. ਸੰਪ੍ਰਦਾਇ ਨਾਲ ਸੀ।<br>(ii) ਪੰਜ ਕੁਦਰਤੀ ਤਾਕਤਾਂ ਇਕੱਠੀਆਂ ਹੋ ਕੇ ਆਪੋ-ਆਪਣੀ …….. ਸੁਣਾ ਰਹੀਆਂ ਸਨ।<br>(iii) ਵੱਡਾ ਭਰਾ ……..ਦੀਆਂ ਗੱਲਾਂ ਸੁਣਾਉਂਦਾ ਹੁੰਦਾ ਸੀ।<br>(iv) ਕੈਲੀਫੋਰਨੀਆ ਵਿੱਚ…….. ਪਾਰਟੀ ਦੀ ਨੀਂਹ ਰੱਖੀ ਗਈ।<br>(v) ਔਰਤਾਂ ਦੀ ਏਕਤਾ ਦੇ ਅੱਗੇ ਲੱਕੜ ਕੱਟਣ ਵਾਲੇ ……..ਗਏ।<br>(vi) ਕਈ ਵਾਰ ਬੱਚੇ ਵੀ ਸਾਨੂੰ ਵੱਡੇ-ਵੱਡੇ ……..ਪੜ੍ਹਾ ਜਾਂਦੇ ਹਨ।<br>(vii) ਚਿੜੀ ਅਤੇ ਮਨੁੱਖ ਨੇ ਇੱਕ ਦੂਜੇ ਤੋਂ ਬਹੁਤ ਕੁਝ ……..ਹੈ।<br>(viii) ਅਕਬਰ ਦੇ ਦਰਬਾਰ ਦਾ ਅਨਮੋਲ ਰਤਨ ……..ਸੀ। | 5×1=5 |